**SET-1**

**Series HFG1E/1**

**Q.P. Code 226/1/1**

Roll No. [ ][ ][ ][ ][ ][ ][ ][ ]

Candidates must write the Q.P. Code on the title page of the answer-book.

# ਅਰਥਸ਼ਾਸਤਰ

**(ਪੰਜਾਬੀ ਉਲਥਾ)**

# ECONOMICS

**(Punjabi Version)**

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 80*

*Time allowed : 3 hours* | *Maximum Marks : 80*

- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **15** ਪੰਨੇ ਹਨ ।
- ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **34** ਪ੍ਰਸ਼ਨ ਹਨ ।
- **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **15** printed pages.
- Q.P. Code given on the right hand side of the question paper should be written on the title page of the answer-book by the candidate.
- Please check that this question paper contains **34** questions.
- **Please write down the serial number of the question in the answer-book before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

*

*ਵਿਆਪਕ ਨਿਰਦੇਸ਼ :*

*ਹੇਠ ਲਿਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦਾ ਸਖਤੀ ਨਾਲ ਪਾਲਨ ਕਰੋ :*

(i) *ਇਸ ਪ੍ਰਸ਼ਨ ਪੱਤਰ ਵਿਚ **34** ਪ੍ਰਸ਼ਨ ਹਨ । **ਸਾਰੇ** ਪ੍ਰਸ਼ਨ **ਜ਼ਰੂਰੀ** ਹਨ ।*

(ii) *ਇਹ ਪ੍ਰਸ਼ਨ ਪੱਤਰ **ਦੋ** ਖੰਡਾਂ ਵਿਚ ਵੰਡਿਆ ਗਿਆ ਹੈ :*

***ਖੰਡ ਕ** – ਸਮਸ਼ਟੀ ਅਰਥਸ਼ਾਸਤਰ*

***ਖੰਡ ਖ** – ਭਾਰਤੀ ਆਰਥਿਕ ਵਿਕਾਸ*

(iii) *ਇਸ ਪ੍ਰਸ਼ਨ ਪੱਤਰ ਵਿਚ **ਇਕ–ਇਕ** ਅੰਕ ਦੇ **20** ਬਹੁਵਿਕਲਪੀ ਪ੍ਰਸ਼ਨ ਹਨ ।*

(iv) *ਇਸ ਪ੍ਰਸ਼ਨ ਪੱਤਰ ਵਿਚ **ਤਿੰਨ–ਤਿੰਨ** ਅੰਕਾਂ ਦੇ **4** ਛੋਟੇ ਉੱਤਰ ਵਾਲੇ ਪ੍ਰਕਾਰ–I ਦੇ ਪ੍ਰਸ਼ਨ ਹਨ ਜਿਨ੍ਹਾਂ ਦੇ ਉੱਤਰ 60 ਤੋਂ 80 ਸ਼ਬਦਾਂ ਵਿਚ ਲਿਖੇ ਜਾਣੇ ਚਾਹੀਦੇ ਹਨ ।*

(v) *ਇਸ ਪ੍ਰਸ਼ਨ ਪੱਤਰ ਵਿਚ **ਚਾਰ–ਚਾਰ** ਅੰਕਾਂ ਦੇ **6** ਛੋਟੇ ਉੱਤਰ ਵਾਲੇ ਪ੍ਰਕਾਰ–II ਦੇ ਪ੍ਰਸ਼ਨ ਹਨ ਜਿਨ੍ਹਾਂ ਦੇ ਉੱਤਰ 80 ਤੋਂ 100 ਸ਼ਬਦਾਂ ਵਿਚ ਲਿਖੇ ਜਾਣੇ ਚਾਹੀਦੇ ਹਨ ।*

(vi) *ਇਸ ਪ੍ਰਸ਼ਨ ਪੱਤਰ ਵਿਚ **ਛੇ–ਛੇ** ਅੰਕਾਂ ਦੇ **4** ਲੰਬੇ ਉੱਤਰ ਪ੍ਰਕਾਰ ਦੇ ਪ੍ਰਸ਼ਨ ਹਨ ਜਿਨ੍ਹਾਂ ਦੇ ਉੱਤਰ 100 ਤੋਂ 150 ਸ਼ਬਦਾਂ ਵਿਚ ਲਿਖੇ ਜਾਣੇ ਚਾਹੀਦੇ ਹਨ ।*

(vii) *ਹਰ ਇਕ ਪ੍ਰਸ਼ਨ ਦੇ ਸਾਰੇ ਭਾਗਾਂ ਦੇ ਉੱਤਰ ਇਕੱਠੇ ਲਿਖੇ ਜਾਣੇ ਚਾਹੀਦੇ ਹਨ ।*

## ਖੰਡ ਕ

## ਸਮਸ਼ਟੀ ਅਰਥਸ਼ਾਸਤਰ

**1.** ਹੇਠ ਲਿਖੇ ਕਥਨਾਂ ਨੂੰ ਧਿਆਨ ਨਾਲ ਪੜ੍ਹੋ :

*ਕਥਨ 1 :* ਪ੍ਰਾਥਮਿਕ ਜਮਾਂ, ਆਮ ਜਨਤਾ ਰਾਹੀਂ ਵਪਾਰਕ ਬੈਂਕਾਂ ਦੇ ਕੋਲ ਨਗਦ ਜਮਾ, ਹੁੰਦੇ ਹਨ ।

*ਕਥਨ 2 :* 'ਵਪਾਰਕ ਬੈਕਾਂ ਰਾਹੀਂ ਆਮ ਜਨਤਾ ਨੂੰ ਦਿੱਤੇ ਗਏ ਉਧਾਰ ਦੇ ਕਾਰਨ ਬਣੀ ਜਮਾਂ ਨੂੰ ਦਵਿਤਿਅਕ ਜਮਾ ਕਹਿੰਦੇ ਹਨ ।'

ਦਿਤੇ ਗਏ ਕਥਨਾਂ ਦੀ ਰੋਸ਼ਨੀ ਵਿਚ, ਹੇਠ ਲਿਖਿਆਂ ਵਿਚੋਂ ਸਹੀ ਵਿਕਲਪ ਚੁਣੋ : *1*

(a) ਕਥਨ 1 ਸੱਚ ਹੈ ਅਤੇ ਕਥਨ 2 ਸੱਚ ਨਹੀਂ ਹੈ ।

(b) ਕਥਨ 1 ਸੱਚ ਨਹੀਂ ਹੈ ਅਤੇ ਕਥਨ 2 ਸੱਚ ਹੈ ।

(c) ਕਥਨ 1 ਅਤੇ 2 ਦੋਨੋਂ ਸੱਚ ਹਨ ।

(d) ਕਥਨ 1 ਅਤੇ 2 ਦੋਨੋਂ ਸੱਚ ਨਹੀਂ ਹਨ ।

2. (A) ਬਾਜ਼ਾਰ ਮੁੱਲ ਤੇ ਰਾਸ਼ਟਰੀ ਆਮਦਨ ਅਤੇ ਸਾਧਨ ਲਾਗਤ ਤੇ ਰਾਸ਼ਟਰੀ ਆਮਦਨ ਦਾ ਅੰਤਰ _________ ਹੁੰਦਾ ਹੈ ।

(ਖਾਲੀ ਥਾਂ ਨੂੰ ਭਰਨ ਲਈ ਸਹੀ ਵਿਕਲਪ ਚੁਣੋ) *1*

(a) ਸ਼ੁੱਧ ਅਪ੍ਰਤੱਖ ਕਰ

(b) ਵਿਦੇਸ਼ਾਂ ਤੋਂ ਪ੍ਰਾਪਤ ਸ਼ੁੱਧ ਸਾਧਨ ਆਮਦਨ


(c) ਸਥਾਈ ਪੂੰਜੀ ਦਾ ਉਪਭੋਗ

(d) ਬਜ਼ਾਰ ਮੁੱਲ


**ਜਾਂ**

(B) ਪਛਾਣੋ ਕਿ ਹੇਠ ਲਿਖਿਆਂ ਵਿਚੋਂ ਕਿਹੜਾ ਕੇਵਲ ਵਾਸਤਵਿਕ ਪ੍ਰਵਾਹ ਨੂੰ ਦਰਸਾਂਦਾ ਹੈ ? *1*


(a)





(b)




(c)




(d)



3. ਉਹ ਦਰ ਜਿਸ ਉਪਰ ਵਪਾਰਕ ਬੈਂਕ ਆਪਣੀਆਂ ਲੰਬੇ ਸਮੇਂ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਨ ਦੇ ਲਈ ਭਾਰਤੀ ਰਿਜ਼ਰਵ ਬੈਂਕ ਤੋਂ ਉਧਾਰ ਲੈਂਦੇ ਹਨ ਉਸਨੂੰ ________ ਕਿਹਾ ਜਾਂਦਾ ਹੈ । (ਖਾਲੀ ਥਾਂ ਨੂੰ ਭਰਨ ਲਈ ਸਹੀ ਵਿਕਲਪ ਚੁਣੋ) *1*

(a) ਮਾਰਜਿਨ ਜ਼ਰੂਰਤਾਂ (b) ਬੈਂਕ ਦਰ

(c) ਰੇਪੋ ਦਰ (d) ਰਿਵਰਸ ਰੇਪੋ ਦਰ

4. ਹੇਠ ਲਿਖੇ ਕਥਨਾਂ ਨੂੰ ਧਿਆਨ ਨਾਲ ਪੜ੍ਹੋ :

*ਕਥਨ 1 :* ਕਿਸੇ ਰਾਸ਼ਟਰ ਰਾਹੀਂ ਆਪਣੇ ਭੁਗਤਾਨ ਸੰਤੁਲਨ ਦੇ ਘਾਟੇ ਨੂੰ ਬੈਲੇਂਸ ਆਫ ਪੇਮੇਂਟ (BoP) ਕਰਨ ਦੇ ਲਈ ਵਿਸ਼ਵ ਬੈਂਕ ਤੋਂ ਪ੍ਰਾਪਤ ਉਧਾਰ (ਰਿਣ) ਪੂੰਜੀ ਖਾਤੇ ਵਿਚ ਦਰਜ ਕੀਤਾ ਜਾਏਗਾ ।

*ਕਥਨ 2 :* ਸਵਾਯਤ ਲੈਣ ਦੇਣ ਭੁਗਤਾਨ ਸੰਤੁਲਨ (BoP) ਦੀ ਹਾਲਤ ਤੋਂ ਸਵਤੰਤਰ ਹੁੰਦੇ ਹਨ ।

ਦਿਤੇ ਗਏ ਕਥਨਾਂ ਦੀ ਰੋਸ਼ਨੀ ਵਿਚ, ਹੇਠ ਲਿਖਿਆਂ ਵਿਚੋਂ ਸਹੀ ਵਿਕਲਪ ਚੁਣੋ : *1*

(a) ਕਥਨ 1 ਸੱਚ ਹੈ ਅਤੇ ਕਥਨ 2 ਸੱਚ ਨਹੀਂ ਹੈ ।

(b) ਕਥਨ 1 ਸੱਚ ਨਹੀਂ ਹੈ ਅਤੇ ਕਥਨ 2 ਸੱਚ ਹੈ ।

(c) ਕਥਨ 1 ਅਤੇ 2 ਦੋਨੋਂ ਸੱਚ ਹਨ ।

(d) ਕਥਨ 1 ਅਤੇ 2 ਦੋਨੋਂ ਸੱਚ ਨਹੀਂ ਹਨ ।

5. ਹੇਠ ਲਿਖੇ ਸਮਾਚਾਰ ਰਿਪੋਰਟ ਦਾ ਧਿਆਨ ਨਾਲ ਅਧਿਐਨ ਕਰੋ :

"ਕੇਂਦਰੀ ਬੈਂਕ ਨੇ ਹਿਸਾਰ ਸ਼ਹਿਰੀ ਸਹਕਾਰੀ ਬੈਂਕ ਲਿ. ਅਤੇ ਅੰਡਮਾਨ ਅਤੇ ਨਿਕੋਬਾਰ ਰਾਜ ਸਹਕਾਰੀ ਬੈਂਕ ਲਿ. ਉਪਰ ਬੈਂਕਿੰਗ ਨਿਯਮਾਂ ਦੇ ਉਲੰਘਣ ਦੇ ਲਈ ਜੁਰਮਾਨਾ ਲਗਾਇਆ ਹੈ ।"

ਦਿਤੀ ਗਈ ਰਿਪੋਰਟ ਦੇ ਆਧਾਰ ਤੇ ਕੇਂਦਰੀ ਬੈਂਕ ਦੇ ਕੰਮ ਦੀ ਪਛਾਣ ਕਰੋ : *1*

(a) ਕਰੇਂਸੀ ਜਾਰੀ ਕਰਨਾ (b) ਜਨਤਾ ਦਾ ਬੈਂਕ

(c) ਸਰਕਾਰ ਦਾ ਬੈਂਕ (d) ਬੈਂਕਾਂ ਦਾ ਬੈਂਕ

6. (A) ਜੇਕਰ ਨਿਵੇਸ਼ ਸ਼ੁਲਕ ਦਾ ਮੁਲ = 4 ਅਤੇ ਅਣਬੱਚਤ = (–) 60 ਹੈ, ਤਾਂ ਹੇਠ ਲਿਖਿਆਂ ਵਿਚੋਂ ਸਹੀ ਬੱਚਤ ਫਲਨ ਦੀ ਪਛਾਣ ਕਰੋ : *1*

(a) $S = (-)\ 60 + 0{\cdot}25\ Y$ (b) $S = (-)\ 60 + 0{\cdot}75\ Y$

(c) $S = (-)\ 60 + 0{\cdot}20\ Y$ (d) $S = (-)\ 60 + 0{\cdot}60\ Y$

**ਜਾਂ**

(B) ਦਿਤੇ ਗਏ ਉਪਭੋਗ ਫਲਨ $C = 205 + 0{\cdot}9\ Y$ ਦੇ ਲਈ, ਨਿਵੇਸ਼ ਗੁਣਕ ਦਾ ਮੁਲ _________ ਹੋਵੇਗਾ । (ਖਾਲੀ ਥਾਂ ਨੂੰ ਭਰਨ ਲਈ ਸਹੀ ਵਿਕਲਪ ਚੁਣੋ) *1*

(a) 0·09 (b) 10·0

(c) 0·9 (d) 9·0

**7.** ਹੇਠ ਲਿਖੇ ਕਥਨਾਂ ਨੂੰ ਪੜ੍ਹੋ : ਦਰਿੜਕਥਨ (A) ਅਤੇ ਕਾਰਨ (R) । ਹੇਠ ਦਿਤੇ ਗਏ ਵਿਕਲਪਾਂ ਵਿਚੋਂ ਕਿਸੇ ਇਕ ਸਹੀ ਵਿਕਲਪ ਨੂੰ ਚੁਣੋ : *1*

*ਦਰਿੜਕਥਨ (A) :* ਆਮਦਨ ਦੇ ਸਮਸਤਰ (Break-Even) ਬਿੰਦੂ ਤੇ ਪਹੁੰਚਣ ਤੋਂ ਪਹਿਲੇ, ਔਸਤ ਉਪਭੋਗ ਪ੍ਰਵਿਰਤੀ (APC) ਦਾ ਮੁਲ ਇਕਾਈ ਤੋਂ ਵਧੇਰੇ ਹੁੰਦਾ ਹੈ ।

*ਕਾਰਨ (R) :* ਔਸਤ ਉਪਭੋਗ ਪ੍ਰਵਿਰਤੀ (APC), ਕੁਲ ਉਪਭੋਗ ਅਤੇ ਕੁਲ ਆਮਦਨ ਦਾ ਅਨੁਪਾਤ ਹੁੰਦਾ ਹੈ ।

ਵਿਕਲਪ :

(a) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ ਅਤੇ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ਹੈ ।

(b) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ, ਪਰ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ***ਨਹੀਂ*** ਹੈ ।

(c) ਦਰਿੜਕਥਨ (A) ਸਹੀ ਹੈ, ਪਰ ਕਾਰਨ (R) ਸਹੀ ਨਹੀਂ ਹੈ ।

(d) ਦਰਿੜਕਥਨ (A) ਸਹੀ ਨਹੀਂ ਹੈ, ਪਰ ਕਾਰਨ (R) ਸਹੀ ਹੈ ।

**8.** (A) ਮੰਨ ਲਓ ਕਿ ਇਕ ਰਾਸ਼ਟਰ ਦਾ ਵਪਾਰ ਸੰਤੁਲਨ ₹ 50,000 ਕਰੋੜ ਦਾ ਘਾਟਾ ਦਰਸਾਂਦਾ ਹੈ । ਦਿਖਦੀਆਂ ਵਸਤੂਆਂ ਦਾ ਦਰਾਮਦ (ਆਯਾਤ), ਦਿਖਦੀਆਂ ਵਸਤੂਆਂ ਦੀ ਬਰਾਮਦ (ਨਿਰਯਾਤ) ਦਾ ਪੰਜ ਗੁਣਾ ਹੈ । ਦਿਖਦੀਆਂ ਵਸਤੂਆਂ ਦੀ ਬਰਾਮਦ (ਨਿਰਯਾਤ) ਦਾ ਮੁਲ ₹ _________ ਕਰੋੜ ਹੋਵੇਗਾ ।

(ਖਾਲੀ ਥਾਂ ਨੂੰ ਭਰਨ ਲਈ ਸਹੀ ਵਿਕਲਪ ਚੁਣੋ) *1*

(a) 20,000 (b) 10,000

(c) 12,500 (d) 20,300

**ਜਾਂ**

(B) ਵਿਦੇਸ਼ਾ ਨੂੰ ਭੇਜੇ ਗਏ ਤੋਹਫੇ ਅਤੇ ਭੇਜੀ ਗਈ ਰਕਮ, ਭੁਗਤਾਨ ਸੰਤੁਲਨ ਦੇ ________ ਖਾਤੇ ਦੇ _________ ਪੱਖ ਵਿਚ ਦਰਜ ਕੀਤੇ ਜਾਂਦੇ ਹਨ ।

(ਖਾਲੀ ਥਾਂਵਾਂ ਨੂੰ ਭਰਨ ਲਈ ਸਹੀ ਵਿਕਲਪ ਚੁਣੋ) *1*

(a) ਪੂੰਜੀ, ਕ੍ਰੈਡਿਟ (b) ਪੂੰਜੀ, ਡੇਬਿਟ

(c) ਚਾਲੂ, ਕ੍ਰੈਡਿਟ (d) ਚਾਲੂ, ਡੇਬਿਟ

**9.** ਪਛਾਣੋ ਕਿ ਹੇਠ ਲਿਖਿਆਂ ਵਿਚੋਂ ਕਿਹੜਾ ਸਮੀਕਰਣ ਸਹੀ ਹੈ ? (ਸਹੀ ਵਿਕਲਪ ਚੁਣੋ) *1*

(a) MPC + MPS = 0 (b) MPC + MPS = 1

(c) MPC + MPS > 1 (d) MPC + MPS < 1

**10.** ਅਜੇਹੀ ਸਥਿਤੀ ਜਿਥੇ ਇਕ ਸਮਰੱਥ ਮਨੁੱਖ ਵਰਤਮਾਨ ਮਜਦੂਰੀ ਦਰ ਤੇ ਕੰਮ ਕਰਨ ਨੂੰ ਤਿਆਰ ਨਹੀਂ ਹੁੰਦਾ ਹੈ, ਉਹ _________ ਸਥਿਤੀ ਕਹਲਾਉਂਦੀ ਹੈ ।

(ਖਾਲੀ ਥਾਂ ਨੂੰ ਭਰਨ ਲਈ ਸਹੀ ਵਿਕਲਪ ਚੁਣੋ) *1*

(a) ਪੂਰਨ ਰੁਜ਼ਗਾਰ

(b) ਅਨਇੱਛਕ ਬੇਰੋਜਗਾਰੀ

(c) ਇਛਿਕ ਬੇਰੋਜਗਾਰੀ

(d) ਛੁਪੀ ਹੋਈ ਬੇਰੋਜਗਾਰੀ

**11.** (a) 'ਮੁੱਲ ਵਾਧਾ' ਅਤੇ 'ਉਤਪਾਦਨ ਦਾ ਅੰਤਲਾ ਮੁਲ' ਵਿਚ ਅੰਤਰ ਸਪਸ਼ਟ ਕਰੋ । *3*

**ਜਾਂ**

(b) ਹੇਠ ਲਿਖੀ ਸੂਚਨਾ ਰਾਹੀਂ, ਫਰਮ A ਦੇ ਮੁੱਲ ਵਾਧੇ ਦੀ ਗਣਨਾ ਕਰੋ : *3*

| ਕ੍ਰਮ ਸੰਖਿਆ | ਮਦਾਂ | ਰਕਮ (₹ ਕਰੋੜ ਵਿਚ) |
|---|---|---|
| (i) | ਫਰਮ A ਰਾਹੀਂ ਕਾਰਕ ਆਗਤਾਂ ਦੀ ਖਰੀਦ | 5 |
| (ii) | ਫਰਮ A ਰਾਹੀਂ ਗੈਰ ਕਾਰਕ ਆਗਤਾਂ ਦੀ ਖਰੀਦ | 2 |
| (iii) | ਘਰੇਲੂ ਅਰਥਵਿਵਸਥਾ ਵਿਚ ਫਰਮ A ਰਾਹੀਂ ਦੂਸਰੀਆਂ ਫਰਮਾਂ ਨੂੰ ਕੀਤੀ ਗਈ ਵਿਕਰੀ | 10 |
| (iv) | ਬਾਕੀ ਸੰਸਾਰ ਤੋਂ ਫਰਮ A ਰਾਹੀਂ ਕਚੇ ਮਾਲ ਦਾ ਦਰਾਮਦ | 50 |
| (v) | ਮੁਢਲੇ ਸਟਾਕ ਦੀ ਅੰਤਲੇ ਸਟਾਕ ਨਾਲੋਂ ਅਧਿਕਤਾ | 3 |

12. “ਵਿਦੇਸ਼ੀ ਵਿਨਿਮੇ ਦਰ ਅਤੇ ਵਿਦੇਸ਼ੀ ਮੁਦਰਾ ਦੀ ਆਪੂਰਤੀ ਵਿਚ ਧਨਾਤਮਕ ਸਹਸੰਬੰਧ ਹੁੰਦਾ ਹੈ ।” ਕੀ ਤੁਸੀਂ ਦਿਤੇ ਹੋਏ ਕਥਨ ਨਾਲ ਸਹਿਮਤ ਹੋ ? ਆਪਣੇ ਉੱਤਰ ਦੀ ਢੁਕਵੀਆਂ ਦਲੀਲਾਂ ਰਾਹੀਂ ਪੁਸ਼ਟੀ ਕਰੋ । *3*

13. ਜੇਕਰ ਨਿਯੋਜਿਤ ਬਚਤ ਨਿਯੋਜਿਤ ਨਿਵੇਸ਼ ਤੋਂ ਘਟ ਹੋਵੇ ਤਾਂ ਸਮਾਯੋਜਨ ਤੰਤਰ ਦੀ ਵਿਆਖਿਆ ਕਰੋ । *4*

14. 26 ਸਤੰਬਰ, 2022 ਨੂੰ ਛਪੀ ਹੇਠ ਲਿਖੀ ਖਬਰ ਨੂੰ ਪੜ੍ਹੋ :

“ਕੇਂਦਰੀ ਬੈਂਕ ਨੇ ਬੈਂਚਮਾਰਕ ਉਧਾਰ ਦਰ ਵਿਚ 140 ਆਧਾਰ ਅੰਕਾਂ ਦਾ ਵਾਧਾ ਕੀਤਾ ਹੈ ।”

ਭਾਰਤੀ ਰਿਜਰਵ ਬੈਂਕ ਰਾਹੀਂ ਕੀਤੀ ਗਈ ਇਸ ਕਾਰਵਾਈ ਦੇ ਪਿਛੇ ਸੰਭਾਵਿਤ ਕਾਰਨ ਅਤੇ ਨਤੀਜਿਆਂ ਦੀ ਪਛਾਣ ਕਰੋ । *4*

15. (a) ਕੇਂਦਰੀ ਬੈਂਕ ਦੇ ‘ਸਰਕਾਰ ਦੇ ਬੈਂਕ’ ਕੰਮ ਦੀ ਵਿਆਖਿਆ ਕਰੋ । *4*

**ਜਾਂ**

(b) ਇਕ ਕਾਲਪਨਿਕ ਸੰਖਿਆਤਮਕ ਉਦਾਹਰਣ ਦੀ ਵਰਤੋਂ ਕਰਦੇ ਸਮੇ, ਵਪਾਰਕ ਬੈਂਕਾਂ ਰਾਹੀਂ ਸਾਖ ਸਿਰਜਨਾ ਉਪਰ ਆਰਕਸ਼ਿਤ ਅਨੁਪਾਤ ਵਿਚ ਵਾਧੇ ਦੇ ਪ੍ਰਭਾਵ ਦੀ ਵਿਆਖਿਆ ਕਰੋ । *4*

16. (a) “ਰਾਸ਼ਟਰੀ ਆਮਦਨ ਹਮੇਸ਼ਾਂ ਘਰੇਲੂ ਆਮਦਨ ਨਾਲੋਂ ਵਧੇਰੇ ਹੁੰਦੀ ਹੈ ।” ਕੀ ਤੁਸੀਂ ਦਿਤੇ ਹੋਏ ਕਥਨ ਨਾਲ ਸਹਿਮਤ ਹੋ ? ਆਪਣੇ ਉੱਤਰ ਦੇ ਹੱਕ ਵਿਚ ਢੁਕਵੀਆਂ ਦਲੀਲਾਂ ਲਿਖੋ । *3*


(b) “ਖਰਚ ਵਿਧੀ ਰਾਹੀਂ ਸਕਲ ਘਰੇਲੂ ਉਤਪਾਦ (GDP) ਦੀ ਗਣਨਾ ਕਰਦੇ ਹੋਏ, ਧਿਆਨ ਸਿਰਫ ਦੇਸ਼ ਦੇ ਨਿਵਾਸੀਆਂ ਰਾਹੀਂ ਕੀਤੇ ਗਏ ਖਰਚ ਉਪਰ ਹੁੰਦਾ ਹੈ ।”

ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ ? ਆਪਣੇ ਉੱਤਰ ਦੇ ਸਮਰਥਨ ਵਿਚ ਢੁਕਵੀਆਂ ਦਲੀਲਾਂ ਦਿਓ । *3*

**17.** (a) (i) ਚਿਤਰ ਵਿਚ ਦਿਤੀ ਗਈ ਜਾਣਕਾਰੀ ਦੇ ਅਧਾਰ ਤੇ, ਮੰਨਣਯੋਗ ਕਾਰਨਾਂ ਦੇ ਵਰਣਨ ਰਾਹੀਂ ਮਦਾਂ ਨੂੰ ਸਰਕਾਰੀ ਪ੍ਰਾਪਤੀਆਂ ਅਤੇ ਪੂੰਜੀਗਤ ਪ੍ਰਾਪਤੀਆਂ ਵਿਚ ਵਰਗੀਕ੍ਰਿਤ ਕਰੋ । *4*

## ਭਾਰਤ ਨੂੰ ਉਸਦਾ ਧਨ ਕਿਥੋਂ ਪ੍ਰਾਪਤ ਹੁੰਦਾ ਹੈ ?

ਹਰ ਇਕ ₹ 1 ਦੇ ਲਈ ਜੋ ਸਰਕਾਰ ਕਮਾਂਦੀ ਹੈ




(ii) ਰਾਜਸਵ (ਰੇਵੇਨਯੂ) ਘਾਟੇ ਅਤੇ ਰਾਜਕੋਸ਼ੀ ਘਾਟੇ ਦੇ ਦਰਮਿਆਨ ਅੰਤਰ ਸਪਸ਼ਟ ਕਰੋ । *2*

**ਜਾਂ**

(b) (i) ਹੇਠ ਲਿਖੇ ਅੰਕੜਿਆਂ ਤੋਂ, ਪ੍ਰਾਥਮਿਕ (ਮੁਢਲੇ) ਘਾਟੇ ਦੀ ਗਣਨਾ ਕਰੋ : 3

| ਕ੍ਰਮ ਸੰਖਿਆ | ਮਦਾਂ | ਰਕਮ (₹ ਕਰੋੜ ਵਿਚ) |
|---|---|---|
| (i) | ਰਾਜਸਵ ਘਾਟਾ | 40 |
| (ii) | ਗੈਰ ਉਧਾਰੀ ਸਿਰਜਤ ਪੂੰਜੀਗਤ ਪ੍ਰਾਪਤੀਆਂ | 190 |
| (iii) | ਕਰ ਰਾਜਸਵ | 125 |
| (iv) | ਪੂੰਜੀਗਤ ਖਰਚ | 220 |
| (v) | ਵਿਆਜ ਭੁਗਤਾਨ | 20 |

(ii) ਸਰਕਾਰੀ ਬਜਟ ਦੇ 'ਆਰਥਿਕ ਸਥਿਰਤਾ' ਕੰਮ ਬਾਰੇ ਵਿਸਤਾਰ ਨਾਲ ਲਿੱਖੋ । 3

## ਖੰਡ ਖ

## ਭਾਰਤੀ ਆਰਥਿਕ ਵਿਕਾਸ

**18.** ਹੇਠ ਲਿਖੇ ਕਥਨਾਂ ਨੂੰ ਧਿਆਨ ਨਾਲ ਪੜ੍ਹੋ :

*ਕਥਨ 1 :* ਬ੍ਰਿਟਿਸ਼ ਸ਼ਾਸਨ ਦੇ ਅਧੀਨ ਖੇਤੀ ਦਾ ਵਪਾਰੀਕਰਣ 1875 ਅਤੇ 1900 ਦੇ ਦਰਮਿਆਨ ਲਗਾਤਾਰ ਅਕਾਲ ਦੇ ਲਈ ਜੁੰਮੇਵਾਰ ਸੀ ।

*ਕਥਨ 2 :* ਬ੍ਰਿਟਿਸ਼ ਸ਼ਾਸਨ ਕਾਲ ਸਮੇ ਭਾਰਤ ਵਿਚ ਖਾਣ ਵਾਲੇ ਅੰਨ ਦਾ ਨਿਰਿਆਤ (ਬਰਾਮਦ) ਸ਼ੁਰੂ ਕਰ ਲਿਆ ਗਿਆ ਸੀ ।

ਦਿਤੇ ਗਏ ਕਥਨਾਂ ਦੀ ਰੋਸ਼ਨੀ ਵਿਚ, ਹੇਠ ਲਿਖਿਆਂ ਵਿਚੋਂ ਸਹੀ ਵਿਕਲਪ ਚੁਣੋ : 1

(a) ਕਥਨ 1 ਸੱਚ ਹੈ ਅਤੇ ਕਥਨ 2 ਸੱਚ ਨਹੀਂ ਹੈ ।

(b) ਕਥਨ 1 ਸੱਚ ਨਹੀਂ ਹੈ ਅਤੇ ਕਥਨ 2 ਸੱਚ ਹੈ ।

(c) ਕਥਨ 1 ਅਤੇ 2 ਦੋਨੋਂ ਸੱਚ ਹਨ ।

(d) ਕਥਨ 1 ਅਤੇ 2 ਦੋਨੋਂ ਸੱਚ ਨਹੀਂ ਹਨ ।

**19.** (A) ਹੇਠ ਲਿਖੇ ਕਥਨਾਂ ਨੂੰ ਧਿਆਨ ਨਾਲ ਪੜ੍ਹੋ :

*ਕਥਨ 1 :* ਸਰਕਾਰ ਰਾਹੀਂ ਘਟੋ ਘਟ ਸਮਰਥਨ ਮੁਲ (MSP) ਉਪਰ ਖਰੀਦੇ ਗਏ ਖਾਣ ਵਾਲੇ ਅੰਨ ਬੱਫਰ ਸਟਾਕ (Buffer Stock) ਦੇ ਰੂਪ ਵਿਚ ਰਖੇ ਜਾਂਦੇ ਹਨ ।

*ਕਥਨ 2 :* ਘਟੋ ਘਟ ਸਮਰਥਨ ਮੁੱਲ (MSP) ਕਿਸਾਨਾਂ ਨੂੰ ਖੇਤੀ ਉਤਪਾਦ ਦੇ ਮੁਲਾਂ ਵਿਚ ਕਿਸੇ ਤੇਜ ਗਿਰਾਵਟ ਤੋਂ ਬਚਾਂਦੀ ਹੈ ?

ਦਿਤੇ ਗਏ ਕਥਨਾਂ ਦੀ ਰੋਸ਼ਨੀ ਵਿਚ, ਹੇਠ ਲਿਖਿਆਂ ਵਿਚੋਂ ਸਹੀ ਵਿਕਲਪ ਚੁਣੋ : *1*

(a) ਕਥਨ 1 ਸੱਚ ਹੈ ਅਤੇ ਕਥਨ 2 ਸੱਚ ਨਹੀਂ ਹੈ ।

(b) ਕਥਨ 1 ਸੱਚ ਨਹੀਂ ਹੈ ਅਤੇ ਕਥਨ 2 ਸੱਚ ਹੈ ।

(c) ਕਥਨ 1 ਅਤੇ 2 ਦੋਨੋਂ ਸੱਚ ਹਨ ।

(d) ਕਥਨ 1 ਅਤੇ 2 ਦੋਨੋਂ ਸੱਚ ਨਹੀਂ ਹਨ ।

**ਜਾਂ**

(B) ਹੇਠ ਲਿਖਿਆਂ ਵਿਚੋਂ ***ਗਲਤ*** ਕਥਨ ਦੀ ਪਛਾਣ ਕਰੋ : *1*

(a) ਦਰਾਮਦ (ਆਯਾਤ) ਪ੍ਰਤਿਸਥਾਪਨ (ਅਦਲਾ ਬਦਲੀ) ਵਿਦੇਸ਼ੀ ਮੁਦਰਾ ਬਚਾਣ ਦੇ ਲਈ ਵਰਤੋਂ ਵਿਚ ਲਿਆਂਦੀ ਗਈ ਰਣਨੀਤੀ ਸੀ ।

(b) ਲਾਇਸੈਂਸ ਨੀਤੀ ਨੇ ਖੇਤਰੀ ਸਮਾਨਤਾ ਸੁਨਿਸ਼ਚਿਤ ਕੀਤੀ ਸੀ ।

(c) ਰੂਸੀ ਆਰਥਿਕ ਮਾਡਲ ਭਾਰਤੀ ਆਰਥਿਕ ਪ੍ਰਣਾਲੀ ਦਾ ਅਧਾਰ ਸੀ ।

(d) ਰੁਜਗਾਰ ਸਿਰਜਨ ਦੇ ਲਈ ਲਘੂ (ਛੋਟੇ) ਪੈਮਾਨੇ ਦੇ ਉਦਯੋਗ ਜ਼ਰੂਰੀ ਉਪਕਰਣਾਂ ਵਿਚੋਂ ਇਕ ਹੈ ।

**20.** ਛੋਟੇ ਪਣ ਬਿਜਲੀ (ਹਾਈਡਲ) ਕਾਰਖਾਨੇ ਵਾਤਾਵਰਨ ਦੇ ਲਈ ਚੰਗੇ ਹਨ, ਕਿਉਂਕਿ : *1*

(i) ਉਹ ਸਿਰਫ ਸਥਾਨਕ ਲੋਕਾਂ ਦੇ ਲਈ ਬਿਜਲੀ ਬਣਾਂਦੇ ਹਨ ।

(ii) ਉਹ ਧਰਤੀ ਦੇ ਵਰਤੋਂ ਢਾਂਚੇ ਨੂੰ ਬਦਲਦੇ ਨਹੀਂ ਹਨ ।

(iii) ਉਹ ਬਾਰਾਮਾਸੀ ਧਾਰਾਵਾਂ (perennial streams) ਉਪਰ ਨਿਰਭਰ ਹੁੰਦੇ ਹਨ ।

(ਸਹੀ ਵਿਕਲਪ ਚੁਣੋ)

ਵਿਕਲਪ :

(a) (i), (ii) ਅਤੇ (iii) (b) (ii) ਅਤੇ (iii)

(c) ਸਿਰਫ (i) (d) (i) ਅਤੇ (ii)

---

**21.** (A) ਚੀਨ ਦਾ ਗ੍ਰੇਟ ਲੀਪ ਫਾਰਵਰਡ (GLF) ਅਭਿਆਨ ________ ਤੇ ਕੇਂਦਰਿਤ ਹੈ ।

(ਖਾਲੀ ਥਾਂ ਨੂੰ ਭਰਨ ਲਈ ਸਹੀ ਵਿਕਲਪ ਚੁਣੋ) *1*

(a) ਵਿਆਪਕ ਉਦਯੋਗੀਕਰਣ

(b) ਨਵੀ ਖੇਤੀਬਾੜੀ ਰਣਨੀਤੀ

(c) ਨਿਜੀਕਰਣ

(d) ਆਰਥਿਕ ਸੁਧਾਰ

**ਜਾਂ**

(B) ਭਾਰਤ ਹੇਠ ਲਿਖਿਆਂ ਵਿਚੋਂ ਕਿਸ ਖੇਤਰੀ/ਵਿਸ਼ਵਿਕ ਆਰਥਿਕ ਸਮੂਹ ਦਾ ਮੈਂਬਰ ***ਨਹੀਂ*** ਹੈ ? *1*

(a) ਯੂਰੋਪਿਅਨ ਸੰਘ

(b) BRICS (ਬ੍ਰਿਕਸ)

(c) G20

(d) SAARC (ਸਾਰਕ)

**22.** ਸਰਕਾਰ ਰਾਹੀਂ ਸ਼ੁਰੂ ਕੀਤਾ ਗਿਆ 'ਸਕਿਲ ਇੰਡੀਆ' (Skill India) ਪ੍ਰੋਗਰਾਮ ਭਾਰਤ ਵਿਚ ________ ਨੂੰ ਵਧਾਣ ਦੀ ਇਕ ਕੋਸ਼ਿਸ ਨਹੀਂ ਹੈ ।

(ਖਾਲੀ ਥਾਂ ਨੂੰ ਭਰਨ ਲਈ ਸਹੀ ਵਿਕਲਪ ਚੁਣੋ) *1*

(a) ਮਨੁਖੀ ਪੂੰਜੀ ਨਿਰਮਾਣ

(b) ਆਗਤਾਂ ਦਾ ਵਧੀਆ ਉਪਯੋਗ

(c) ਸਕਲ ਘਰੇਲੂ ਉਤਪਾਦ (GDP) ਵਿਚ ਵਾਧਾ

(d) ਵਿਵਸਾਇਕ ਸਿਖਿਆਂ ਦਾ ਨਾਕਾਫੀ ਵਿਸਤਾਰ

**23.** ਹੇਠ ਲਿਖੇ ਕਥਨ ਦੇ ਸੰਦਰਭ ਵਿਚ ਸਹੀ ਵਿਕਲਪ ਨੂੰ ਪਛਾਣੋ : *1*

"1966 – 76 ਦੇ ਦਰਮਿਆਨ, ਮਾਓ ਨੇ ਇਸ ਅੰਦੋਲਨ ਦੀ ਸ਼ੁਰੂਆਤ ਕੀਤੀ ਸੀ ਜਿਸ ਵਿਚ ਵਿਦਿਆਰਥੀਆਂ ਅਤੇ ਵਿਸ਼ੇਸ਼ਗਾਂ ਨੂੰ ਕੰਮ ਕਰਨ ਦੇ ਲਈ ਚੀਨ ਦੇ ਪੇਂਡੂ ਇਲਾਕਿਆਂ ਵਿਚ ਪ੍ਰਚਲਿਤ ਵਾਸਤਵਿਕ ਜੀਵਨ ਸਥਿਤਿਆਂ ਤੋਂ ਸਿਖਣ ਲਈ ਕਿਹਾ ਗਿਆ ਸੀ ।"

(a) ਕਮਊਨ (ਪਰਗਟਾ) ਪ੍ਰਣਾਲੀ

(b) ਗ੍ਰੇਟ ਲੀਪ ਫਾਰਵਰਡ

(c) ਖੁਲ੍ਹੇ ਦਵਾਰ ਨੀਤੀ

(d) ਮਹਾਨ ਸਰਵਹਾਰਾ ਸਭਿਆਚਾਰਕ ਕਰਾਂਤੀ

**24.** ਹੇਠ ਲਿਖੇ ਕਥਨਾਂ ਨੂੰ ਧਿਆਨ ਨਾਲ ਪੜ੍ਹੋ :

*ਕਥਨ 1 :* ਭਾਰਤ ਅਤੇ ਪਾਕਿਸਤਾਨ ਦੋਹਾਂ ਵਿਚ ਸੇਵਾ ਖੇਤਰ ਵਿਕਾਸ ਦੇ ਇਕ ਮੁਖ ਸਰੋਤ ਦੇ ਰੂਪ ਵਿਚ ਉਭਰਿਆ ਹੈ ।

*ਕਥਨ 2 :* ਭਾਰਤ ਦੇ ਗਵਾਂਢੀ ਦੇਸ਼ਾਂ ਵਿਚੋਂ ਚੀਨ ਦੀ ਜੀਵਨ ਦੀ ਉਮੀਦ ਦਰ ਸਭ ਤੋਂ ਜ਼ਿਆਦਾ ਹੈ ।

ਦਿਤੇ ਗਏ ਕਥਨਾਂ ਦੀ ਰੋਸ਼ਨੀ ਵਿਚ, ਹੇਠ ਲਿਖਿਆਂ ਵਿਚੋਂ ਸਹੀ ਵਿਕਲਪ ਚੁਣੋ : *1*

(a) ਕਥਨ 1 ਸੱਚ ਹੈ ਅਤੇ ਕਥਨ 2 ਸੱਚ ਨਹੀਂ ਹੈ ।

(b) ਕਥਨ 1 ਸੱਚ ਨਹੀਂ ਹੈ ਅਤੇ ਕਥਨ 2 ਸੱਚ ਹੈ ।

(c) ਕਥਨ 1 ਅਤੇ 2 ਦੋਨੋਂ ਸੱਚ ਹਨ ।

(d) ਕਥਨ 1 ਅਤੇ 2 ਦੋਨੋਂ ਸੱਚ ਨਹੀਂ ਹਨ ।

**25.** (A) ਉਹ ਮਜ਼ਦੂਰ ਜਿਹੜੇ ਆਪਣੇ ਮਾਲਕ ਦੇ ਸਥਾਈ ਪੇਰੋਲ (pay-roll) ਤੇ ਲਗਾਏ ਜਾਂਦੇ ਹਨ ________ ਮਜ਼ਦੂਰ (ਕਾਮਾ) ਦੇ ਰੂਪ ਵਿਚ ਜਾਣੇ ਜਾਂਦੇ ਹਨ ।

(ਖਾਲੀ ਥਾਂ ਨੂੰ ਭਰਨ ਲਈ ਸਹੀ ਵਿਕਲਪ ਚੁਣੋ) *1*

(a) ਸਵੈਨਿਯੋਜਿਤ

(b) ਆਕਸਮਿਕ

(c) ਨਿਯਮਿਤ

(d) ਭਾੜੇ ਦੇ

**ਜਾਂ**

(B) ਰੁਜੁਗਾਰ ਰਹਿਤ ਵਿਕਾਸ, ਬੇਰੁਜ਼ਗਾਰੀ ਨੂੰ ਪੈਦਾ ਕਰਦਾ ਹੈ, ਕਿਉਂਕਿ ________ ।

(ਖਾਲੀ ਥਾਂ ਨੂੰ ਭਰਨ ਲਈ ਸਹੀ ਵਿਕਲਪ ਚੁਣੋ) *1*

(a) ਮਜ਼ਦੂਰ ਪ੍ਰਵਾਸ ਕਰਨ ਤੋਂ ਮਨਾ ਕਰਦੇ ਹਨ ।

(b) ਮਜ਼ਦੂਰ ਸੇਵਾਵਾਂ ਵਧੇਰੀ ਮਹਿੰਗੀਆਂ ਹੁੰਦੀਆਂ ਹਨ ।

(c) ਵਿਕਾਸ ਦਰ ਘਟ ਹੁੰਦੀ ਹੈ ।

(d) ਵਿਕਾਸ ਟੇਕਨੋਲੋਜੀ (ਪ੍ਰੋਧੋਗਕੀ) ਦੇ ਕਾਰਨ ਹੁੰਦਾ ਹੈ ।

26. ਕਿਸੇ ਇਕ ਖਾਸ ਫਸਲ ਦੇ ਥਾਂ ਵਖੋ ਵਖ ਕਈ ਪ੍ਰਕਾਰ ਦੀਆਂ ਫਸਲਾਂ ਦੇ ਉਤਪਾਦਨ ਨੂੰ _________ ਕਿਹਾ ਜਾਂਦਾ ਹੈ । (ਖਾਲੀ ਥਾਂ ਨੂੰ ਭਰਨ ਲਈ ਸਹੀ ਵਿਕਲਪ ਚੁਣੋ) *1*

(a) ਫਸਲਾਂ ਦਾ ਬਹੁਵਿਧੀਕਰਣ

(b) ਖੇਤੀ ਉਤਪਾਦਨ ਦਾ ਬਹੁਵਿਧੀਕਰਣ

(c) ਖੇਤ੍ਰਕਾਂ ਵਿਚ ਬਹੁਵਿਧੀਕਰਣ

(d) ਰੁਜ਼ਗਾਰ ਦਾ ਬਹੁਵਿਧੀਕਰਣ

27. ਹੇਠ ਲਿਖੇ ਕਥਨਾਂ ਨੂੰ ਧਿਆਨ ਨਾਲ ਪੜ੍ਹੋ :

*ਕਥਨ 1 :* ਭਾਰਤ ਨੇ ਆਪਣੀ ਪਹਿਲੀ ਪੰਜ ਵਰਸ਼ੀ ਯੋਜਨਾ ਦੀ ਘੋਸ਼ਣਾ 1951 ਵਿਚ ਕੀਤੀ ਸੀ ।

*ਕਥਨ 2 :* ਭਾਰਤ, ਪਾਕਿਸਤਾਨ ਅਤੇ ਚੀਨ ਨੇ ਆਰਥਿਕ ਆਯੋਜਨ ਨੂੰ ਆਪਣੀ ਵਿਕਾਸ ਦੀ ਮੁਖ ਰਣਨੀਤੀ ਦੇ ਤੌਰ ਤੇ ਅਪਣਾਇਆ ਸੀ ।

ਦਿਤੇ ਗਏ ਕਥਨਾਂ ਦੀ ਰੋਸ਼ਨੀ ਵਿਚ, ਹੇਠ ਲਿਖਿਆਂ ਵਿਚੋਂ ਸਹੀ ਵਿਕਲਪ ਚੁਣੋ : *1*

(a) ਕਥਨ 1 ਸੱਚ ਹੈ ਅਤੇ ਕਥਨ 2 ਸੱਚ ਨਹੀਂ ਹੈ ।

(b) ਕਥਨ 1 ਸੱਚ ਨਹੀਂ ਹੈ ਅਤੇ ਕਥਨ 2 ਸੱਚ ਹੈ ।

(c) ਕਥਨ 1 ਅਤੇ 2 ਦੋਨੋਂ ਸੱਚ ਹਨ ।

(d) ਕਥਨ 1 ਅਤੇ 2 ਦੋਨੋਂ ਸੱਚ ਨਹੀਂ ਹਨ ।

28. ਦਿਤੇ ਗਏ ਚਿਤਰ ਦੇ ਅਧਾਰ ਤੇ ਵਰਤਮਾਨ ਵਾਤਾਵਰਣ ਸੰਬੰਧੀ ਚੁਣੋਤੀਆਂ ਦੀ ਵਿਆਖਿਆ ਕਰੋ : *3*



***ਨੋਟ:*** *ਹੇਠ ਲਿਖੇ ਪ੍ਰਸ਼ਨ ਸਿਰਫ* ***ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ*** *ਦੇ ਲਈ ਪ੍ਰਸ਼ਨ ਸੰਖਿਆ* ***28*** *ਦੀ ਥਾਂ ਤੇ ਹੈ :*

ਕਿਸੇ ਇਕ ਵਰਤਮਾਨ ਵਾਤਾਵਰਣੀ ਚੁਣੌਤੀ ਦੀ ਵਿਆਖਿਆ ਕਰੋ ।

---

**29.** (a) ਭਾਰਤ ਵਿਚ ਪੇਂਡੂ ਵਿਕਾਸ ਦੀ ਪ੍ਰਕਿਰਿਆ ਵਿਚ ਪੇਂਡੂ ਬੈਂਕਿੰਗ ਪ੍ਰਣਾਲੀ ਦੀ ਭੂਮਿਕਾ ਦਾ ਅਲੋਚਨਾਤਮਕ ਮੁਲਾਂਕਣ ਕਰੋ । *3*

**ਜਾਂ**

(b) "ਡਾ. ਖੁਰਾਣਾ ਇਕ ਦੰਦਾਂ ਦੇ ਡਾਕਟਰ ਹਨ, ਆਰਥਿਕ ਰੂਪ ਵਿਚ ਪਿਛੜੇ ਇਲਾਕੇ ਵਿਚ ਆਪਣਾ ਕਲਿਨਿਕ ਚਲਾਂਦੇ ਸਨ । ਉਹ ਮੁਕਾਬਲਤਨ ਥੋੜੀ ਆਮਦਨ ਕਮਾ ਰਹੇ ਸਨ । ਇਸ ਲਈ ਉਨ੍ਹਾਂ ਨੇ ਸ਼ਹਿਰ ਜਾਣ ਦਾ ਫੈਸਲਾ ਕਰ ਲਿਆ ਅਤੇ ਇਸ ਕੰਮ ਦੇ ਲਈ ਉਨ੍ਹਾਂ ਨੇ ਬਹੁਤ ਸਾਰਾ ਪੈਸਾ ਖਰਚ ਕੀਤਾ ।"

ਡਾ. ਖੁਰਾਣਾ ਦੇ ਰਾਹੀਂ ਕੀਤੇ ਗਏ ਖਰਚ ਦੇ ਪ੍ਰਕਾਰ ਨੂੰ ਪਛਾਣੋ ਅਤੇ ਵਿਆਖਿਆ ਕਰੋ, ਜਿਨ੍ਹਾਂ ਨੇ ਮਨੁਖੀ ਪੂੰਜੀ ਨਿਰਮਾਣ ਪ੍ਰਕਿਰਿਆ ਵਿਚ ਪ੍ਰਤੱਖ ਯੋਗਦਾਨ ਦਿਤਾ ਹੈ । *3*

**30.** ਪਾਕਿਸਤਾਨ ਵਿਚ ਹੋਲੀ ਹੁੰਦਾ ਵਿਕਾਸ ਅਤੇ ਫਿਰ ਤੋਂ ਗ਼ਰੀਬੀ ਦੇ ਮੰਨਣ ਯੋਗ ਕਾਰਨਾਂ ਦੀ ਵਿਆਖਿਆ ਕਰੋ । *4*

**31.** (a) ਉਦਯੋਗਿਕ ਨੀਤੀ ਪ੍ਰਸਤਾਵ 1956 ਦੇ ਅਧੀਨ 'ਲਾਇਸੇਂਸ ਰਾਜ' ਦੇ ਪਿੱਛੇ ਦੀਆਂ ਦਲੀਲਾਂ ਨੂੰ ਸੰਖੇਪ ਵਿਚ ਸਮਝਾਓ । *3*

(b) ਬਹੁਪਖੀ ਵਪਾਰ ਦੀ ਪਰਿਭਾਸ਼ਾ ਦਿਉ । *1*

**32.** (a) ਮੰਨਣਯੋਗ ਦਲੀਲਾਂ ਸਹਿਤ ਵਰਣਨ ਕਰਦੇ ਹੋਏ ਵਿਆਖਿਆ ਕਰੋ ਕਿ ਹੇਠ ਲਿਖਿਆਂ ਕਥਨ ਸੱਚ ਹੈ ਜਾਂ ਨਹੀਂ :

"ਹਾਲ ਵਿਚ ਭਾਰਤੀ ਅਰਥਵਿਵਸਥਾ ਨੇ ਕਾਰਜ ਸ਼ਕਤੀ ਦੀ ਓਪਚਾਰਿਕਤਾ ਦੇ ਵਲ ਸੰਤੋਸ਼ਜਨਕ ਵਿਕਾਸ ਕੀਤਾ ਹੈ ।" *4*

**ਜਾਂ**

(b) "ਭਾਰਤ ਵਿੱਚ ਲਗਭਗ 60% ਕਰਮਚਾਰੀ ਸਵੈਰੁਜਗਾਰ ਵਿਚ ਕੰਮ ਕਰ ਰਹੇ ਹਨ । ਸਵੈਰੁਜਗਾਰੀ ਮਨੁਖਾਂ ਵਿਚ ਅਲਪ ਰੁਜਗਾਰ ਦੇ ਹੋਣ ਦੀ ਸੰਭਾਵਨਾ ਸਭ ਤੋਂ ਵਧ ਹੈ ।"

ਇਕ ਅਰਥਸ਼ਾਸਤਰੀ ਦੇ ਰੂਪ ਵਿਚ, ਸਵੈਰੁਜਗਾਰੀ ਮਨੁਖਾਂ ਦੇ ਲਈ ਵਧੇਰੇ ਉਤਪਾਦਨ ਰੁਜਗਾਰ ਸੁਨਿਸ਼ਚਿਤ ਕਰਨ ਦੇ ਲਈ ਕੀਤੇ ਜਾਣ ਵਾਲੇ ਕਿਸੇ ਦੋ ਉਪਾਵਾਂ ਦਾ ਵਿਸਤਾਰ ਨਾਲ ਸੁਝਾਅ ਦਿਓ । *4*

**33.** (a) (i) ਨਿਯਮਿਤ ਵੇਤਨਭੋਗੀ ਕਰਮਚਾਰੀਆਂ ਵਿਚ ਇਸਤ੍ਰੀਆਂ ਥੋੜ੍ਹੀਆਂ ਕਿਉਂ ਹਨ ? *3*

(ii) ਮਾਨਵ ਪੂੰਜੀ ਅਤੇ ਭੌਤਿਕ ਪੂੰਜੀ ਵਿਚ ਫਰਕ ਸਮਝਾਓ । *3*

**ਜਾਂ**

(b) (i) ਭਾਰਤ ਵਿਚ ਨਿਰੰਤਰ ਵਿਕਾਸ ਪ੍ਰਾਪਤ ਕਰਨ ਵਿੱਚ ਸ਼ਾਮਿਲ ਕਿਸੇ ਇਕ ਰਣਨਿਤੀ ਦਾ ਉਲੇਖ ਅਤੇ ਚਰਚਾ ਕਰੋ । *3*

(ii) ਪੇਂਡੂ ਭਾਰਤ ਵਿਚ ਲਘੂ ਰਿਣ (ਮਾਇਕਰੋ ਕਰੇਡਿਟ) ਪ੍ਰੋਗਰਾਮ ਦੀ ਮਹਤਤਾ ਦੇ ਬਾਰੇ ਚਰਚਾ ਕਰੋ । *3*

**34.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ :

ਨੀਤੀ ਆਯੋਗ ਦੇ ਅਨੁਸਾਰ ਭਾਰਤ ਵਿਚ ਡਿਜਿਟਲ ਬੈਂਕਾਂ ਦੀ ਅਸਾਨੀ ਦੇ ਲਈ ਟੇਕਨੋਲੋਜੀਕਲ ਲਾਭ ਉਪਲਬਧ ਹਨ । ਇਸ ਨੂੰ ਉਤਸਾਹਿਤ ਕਰਨ ਦੇ ਲਈ ਇਕ ਨਿਆਂਇਕ ਢਾਂਚਾ ਤਿਆਰ ਕਰਨ ਦੀ ਲੋੜ ਹੈ ।

ਨੀਤੀ ਆਯੋਗ ਨੇ ਆਪਣੀ ਰਿਪੋਰਟ “Digital Banks : A Proposal for Licensing and Regulatory Regime for India” ਵਿਚ ਰਾਸ਼ਟਰ ਦੇ ਲਈ ਡਿਜਿਟਲ ਬੈਂਕ ਲਾਇਸੇਂਸਿੰਗ ਅਤੇ ਨਿਯਾਮਿਕ ਵਿਵਸਥਾ ਦੇ ਲਈ ਇਕ ਸਾਂਚਾ ਅਤੇ ਰੋਡਮੈਪ ਦਿਤਾ ਗਿਆ ਹੈ । ਭਾਰਤ ਦੇ ਜਨਤਕ (ਪਬਲਿਕ) ਡਿਜਿਟਲ ਬੁਨਿਆਦੀ ਢਾਂਚੇ, ਖਾਸ ਤੌਰ ਤੇ ਏਕੀਕ੍ਰਿਤ ਭੁਗਤਾਨ ਇੰਟਰਫੇਸ (UPI) ਨੇ ਇਸ ਚੁਣੋਤੀ ਦਾ ਸਫਲਤਾ ਨਾਲ ਮੁਕਾਬਲਾ ਕੀਤਾ ਹੈ ।

ਆਧਾਰ ਦੇ ਨਾਲ ਭਾਰਤ ਆਪਣੇ ਆਪ ਦੇ ਇਕ ਮੁਕਤ ਬੈਂਕਿੰਗ ਢਾਂਚੇ ਨੂੰ ਚਲਾਣ ਦੇ ਕਗਾਰ ਤੇ ਹੈ । ਇਸ ਤੋਂ ਪਤਾ ਲਗਦਾ ਹੈ, ਕਿ ਡਿਜਿਟਲ ਬੈਂਕਾਂ ਨੂੰ ਪੂਰੇ ਤੋਰ ’ਤੇ ਆਸਾਨੀ ਦੇਣ ਦੇ ਲਈ ਭਾਰਤ ਦੇ ਕੋਲ ਤਕਨੀਕੀ ਸਟਾਕ ਉਪਲਬਧ ਹਨ ।

ਡਿਜਿਟਲ ਬੈਂਕਿੰਗ, ਉਪਯੋਗ ਕਰਤਾ ਨੂੰ ਨਿਯਮਤ ਤੋਰ ਤੇ ਉਪਯੋਗਤਾ ਬਿਲਾਂ ਦੇ ਭੁਗਤਾਨ ਕਰਨ ਦਾ ਇਕ ਸਵੈਚਲਿਤ ਭੁਗਤਾਨ ਪ੍ਰਕਿਰਿਆ ਬਨਾਣ ਦੀ ਇਜ਼ਾਜ਼ਤ ਦੇਂਦਾ ਹੈ । ਡਿਜਿਟਲ ਬੈਂਕਿੰਗ ਫੰਡ ਹਸਤਾਂਤਰਣ ਨਕਲੀ ਕਰੇਂਸੀ ਦੇ ਖਤਰੇ ਨੂੰ ਵੀ ਘਟ ਕਰਦਾ ਹੈ । ਨਕਦੀ ਰਹਿਤ ਸਮਾਜ ਨੂੰ ਉਤਸਾਹਿਤ ਕਰਕੇ, ਡਿਜਿਟਲ ਬੈਂਕਿੰਗ ਕਾਲੇ ਧਨ ਦੇ ਸੰਚਲਨ ਨੂੰ ਪ੍ਰਤਿਬੰਧਿਤ ਕਰਦੀ ਹੈ ।

ਦਿਤੇ ਗਏ ਪੈਰੇ ਅਤੇ ਆਮ ਸਮਝ ਦੇ ਆਧਾਰ ਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(a) ਭਾਰਤ ਵਿਚ ਨੀਤੀ ਆਯੋਗ ਨੇ ਕਿਸ ਸੰਸਥਾ ਦਾ ਥਾਂ ਲਿਆ ਹੈ ? ਨੀਤੀ ਆਯੋਗ ਦੇ ਪਦ ਅਨੁਸਾਰ (ex-officio) ਚੇਅਰਮੈਨ ਕੋਣ ਹਨ ? *2*

(b) ਡਿਜਿਟਲ ਬੈਂਕਿੰਗ ਦੇ ਕਿਸੇ ਦੋ ਮੁਖ ਲਾਭਾਂ ਦਾ ਵਰਣਨ ਅਤੇ ਚਰਚਾ ਕਰੋ । *4*